# ਕੋਰੋਨਾਵਾਇਰਸ ਦੇ ਪ੍ਰਕੋਪ ਦੇ ਦੌਰਾਨ ਕਾਮੇਂ ਪਰਿਵਾਰਾਂ ਦੀ ਰੱਖਿਆ ਕਰੋ!

ਨਵੇਂ ਕੋਵਿਡ -19 ਵਾਇਰਸ ਦੇ ਸੰਕਟ ਅਤੇ ਇਸ ਦੇ ਤੇਜ਼ੀ ਨਾਲ ਸਾਰੇ ਸੰਸਾਰ ਅਤੇ ਕਨੇਡਾ ਵਿੱਚ ਫੈਲਣ ਕਾਰਨ ਇਹ ਜ਼ਰੂਰੀ ਹੈ ਕਿ ਸਾਡੀ ਫੈਡਰਲ ਅਤੇ ਸੂਬਾਈ ਸਰਕਾਰੀ ਸੰਸਥਾਵਾਂ ਐਮਰਜੈਂਸੀ ਉਪਾਅ ਅਪਣਾਉਣ ਜੋ ਪੂਰੇ ਕਨੇਡਾ ਵਿੱਚ ਕੰਮ ਕਰ ਰਹੇ ਪਰਿਵਾਰਾਂ ਦੀ ਰੱਖਿਆ ਕਰਨ।

ਜਿਥੇ ਅਸੀਂ ਇਕੱਠੇ ਹੋ ਕੇ ਕੋਵਿਡ -19 ਦੇ ਫੈਲਣ ਨੂੰ ਨਿਯੰਤਰਿਤ ਕਰਨ ਲਈ ਕੰਮ ਕਰ ਰਹੇ ਹਾਂ, ਉਥੇ ਹੀ ਹਜ਼ਾਰਾਂ ਵਰਕਰ ਬਿਨਾਂ ਕੰਮ ਜਾਂ ਆਮਦਨੀ ਦੇ ਰਹਿ ਜਾਣਗੇ ਜਿਸ ਕਾਰਣ ਰਹਿਣ ਦਾ ਖਰਚਾ ਅਤੇ ਡਾਕਟਰੀ ਬਿੱਲ ਕੱਢਣਾ ਬਹੁਤ ਮੁਸ਼ਕਿਲ ਹੋ ਜਾਏਗਾ।

ਅਜਿਹੀ ਸਥਿਤੀ ਵਿੱਚ, ਅਸੀਂ ਫ਼ੈਡਰਲ ਅਤੇ ਸੂਬਾਈ ਸਰਕਾਰ ਨੂੰ ਕੰਮ ਕਰਨ ਵਾਲੇ ਪਰਿਵਾਰਾਂ ਦੀ ਮਦਦ ਲਈ ਹੇਠ ਲਿਖੀਆਂ ਹਿਦਾਇਤਾਂ ਤੁਰੰਤ ਲਾਗੂ ਕਰਨ ਦੀ ਮੰਗ ਕਰਦੇ ਹਾਂ:

1. Employment Standards Act (ਰੋਜ਼ਗਾਰ ਦੇ ਮਿਆਰਾਂ) ਵਿਚ ਬਦਲਾਵ ਕਰਕੇ ਸਾਰੇ ਕਰਮਚਾਰੀਆਂ ਲਈ ਤਨਖਾਹ ਵਾਲੇ ਬੀਮਾਰ ਦਿਨ ਸ਼ਾਮਲ ਕੀਤੇ ਜਾਣ;

2. Pharmacare for All (ਫ਼ਾਰਮਾਕੇਅਰ ਫਾਰ ਐੱਲ ) ਨੂੰ ਸਾਰੇ ਕਨੇਡਾ ਵਿੱਚ ਲਾਗੂ ਕਰੋ ਤਾਂ ਜੋ ਸਾਰੇ ਕਰਮਚਾਰੀ ਜੀਵਨ-ਬਚਾਉਣ ਵਾਲੀਆਂ ਦਵਾਈਆਂ ਦੀ ਵਰਤੋਂ ਕਰ ਸਕਣ;

3. ਇੰਪਲਾਇਮੈਂਟ ਇੰਸ਼ੋਰੈਂਸ (ਈ.ਆਈ.) ਵਿਚ ਦਾਖਲੇ ਲਈ ਉਡੀਕ ਦੀ ਮਿਆਦ ਅਤੇ ਯੋਗਤਾ ਦੀਆਂ ਸ਼ਰਤਾਂ ਨੂੰ ਛੱਡ ਦਿਓ;

4. ਸਕੂਲ ਬੰਦ ਹੋਣ ਦੇ ਬਾਦ ਵੀ ਜਿਹੜੇ ਕਰਮਚਾਰੀਆਂ ਨੂੰ ਕੰਮ ਤੇ ਜਾਣਾ ਪੈ ਰਿਹਾ ਹੈ ਓਹਨਾ ਕਰਮਚਾਰੀਆਂ ਲਈ ਬੱਚਿਆਂ ਦੀ ਦੇਖਭਾਲ ਲਈ ਸਰੋਤ ਮੁਹੱਈਆ ਕਰੋ;

5. ਜਿਨ੍ਹਾਂ ਕਰਮਚਾਰੀਆਂ ਨੂੰ ਲੇ ਆਫ਼ ਕੀਤਾ ਗਿਆ ਹੈ ਓਹਨਾ ਦੇ ਮੌਰਗਿਜ, ਕਿਰਾਇਆ (rent) ਅਤੇ ਸਹੂਲਤਾਂ ਦੇ ਬਿੱਲਾਂ ਨੂੰ ਫ੍ਰੀਜ਼ ਕੀਤਾ ਜਾਏ।